# ਨਵੇਂ ਆਉਣ ਵਾਲੇ ਮਾਪਿਆਂ ਲਈ ਸਕੂਲ ਪਾਲਿਸੀ ਨਿਰਦੇਸ਼

ਇਹ ਪੁਸਤਕ ਤੁਹਾਨੂੰ ਸਕੂਲਾਂ ਵਿੱਚ ਪਾਲਿਸੀਆਂ ਦੀ ਸਮੱਗਰੀ ਦੇ ਕੁੱਝ ਵਿਚਾਰ ਪ੍ਰਦਾਨ ਕਰੇਗੀ। ਤੁਸੀਂ ਆਪਣੀ ਭਾਸ਼ਾ ਵਿੱਚ ਇਸ ਕਿਤਾਬ ਦੀ ਇੱਕ ਕਾਪੀ ਦੀ ਮੰਗ ਕਰ ਸਕਦੇ ਹੋ।
ਇਹ ਕਿਤਾਬ ਹੇਠਾਂ ਦਿੱਤੀਆਂ ਭਾਸ਼ਾਵਾਂ ਵਿੱਚ ਉਪਲਬਧ ਹੈ:

ਅਰਬੀ, ਬੰਗਾਲੀ, ਬੁਲਗੇਰੀਅਨ, ਕੈਂਟੋਨੀਜ਼, ਫਿਲਿਪਿਨੋ, ਜਰਮਨ, ਹਿੰਦੀ, ਹੰਗੇਰੀਅਨ, ਲੈਟਵੀਅਨ, ਲਿਥੁਆਨੀਅਨ, ਮਲਿਆਲਮ, ਮੈਂਡਰਿਨ, ਪੋਲਿਸ਼, ਪੁਰਤਗਾਲੀ, ਪੰਜਾਬੀ, ਰੋਮਾਨੀਅਨ, ਰੂਸੀ, ਸਲੋਵੈਕ, ਸਪੈਨਿਸ਼, ਉਰਦੂ

Guidance about school policies - Punjabi

Education Authority

# ਧੱਕੇਸ਼ਾਹੀ-ਵਿਰੋਧੀ ਨੀਤੀ

**ਪ੍ਰੀਭਾਸ਼ਾ**

ਧੱਕੇਸ਼ਾਹੀ ਦੁਹਰਾਏ ਜਾਣ ਵਾਲਾ ਵਿਵਹਾਰ ਹੈ ਜਿਸ ਕਾਰਣ ਕਿਸੇ ਵਿਅਕਤੀ ਜਾਂ ਉਸ ਦੇ ਪਰਿਵਾਰ ਨੂੰ ਸਰੀਰਕ ਜਾਂ ਭਾਵੁਨਾਤਮਿਕ ਠੇਸ ਪਹੁੰਚਦੀ ਹੈ।

ਧੱਕੇਸ਼ਾਹੀ ਬਹੁਤ ਸਾਰੇ ਰੂਪਾਂ ਵਿੱਚ ਹੁੰਦੀ ਹੈ ਅਤੇ ਇਨ੍ਹਾਂ ਵਿੱਚ ਸ਼ਾਮਲ ਹੋ ਸਕਦਾ ਹੈ:

- ਸਰੀਰਕ ਹਮਲਾ
- ਸਮਾਨ ਨੂੰ ਨੁਕਸਾਨ ਪਹੁੰਚਾਉਣਾ
- ਚਿੜਾਉਣਾ
- ਧਮਕੀਆਂ ਦੇਣਾ
- ਬੇਇਜਤੀ ਕਰਨਾ
- ਕਿਸੀ ਵਿਅਕਤੀ ਨੂੰ ਛੱਡਣਾ ਜਾਂ ਅਲੱਗ ਕਰਨਾ
- ਸਾਈਬਰ ਧੱਕੇਸ਼ਾਹੀ - ਮੋਬਾਇਲ ਫੋਨ ਰਾਹੀਂ ਜਾਂ ਔਨਲਾਇਨ

**ਉਦੇਸ਼**

ਧੱਕੇਸ਼ਾਹੀ ਵਿਰੋਧੀ ਨੀਤੀ ਦਾ ਉਦੇਸ਼ ਸਕੂਲ ਅੰਦਰ ਇੱਕ ਲੋਕਾਚਾਰ ਤਿਆਰ ਕਰਨਾ ਹੈ ਜਿਹੜਾ ਧੱਕੇਸ਼ਾਹੀ ਨੂੰ ਨਾ ਸਵੀਕਾਰ ਕਰਨਯੋਗ ਬਣਾਉਂਦਾ ਹੈ। ਪ੍ਰਸਪਰ ਸਤਿਕਾਰ ਦਾ ਇੱਕ ਵਾਤਾਵਰਣ ਸਕੂਲ ਦੁਆਰਾ ਤਿਆਰ ਕੀਤਾ ਜਾਣਾ ਚਾਹੀਦਾ ਹੈ, ਅਤੇ, ਜਿੱਥੇ ਧੱਕੇਸ਼ਾਹੀ ਹੁੰਦੀ ਹੋਵੇ, ਓਥੇ ਨੂੰ ਇਸ ਦਾ ਤੁਰੰਤ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਸੁਲਝਾਉਣਾ ਚਾਹੀਦਾ ਹੈ।

# ਹਾਜ਼ਰੀ ਨੀਤੀ

**ਪ੍ਰੀਭਾਸ਼ਾ**

ਹਾਜ਼ਰੀ ਅਧਿਨਿਯਮਾਂ ਨੂੰ ਕਾਨੂੰਨੀ ਤੌਰ 'ਤੇ ਲੋੜ ਹੈ ਕਿ ਬੱਚੇ ਨੂੰ ਪ੍ਰਤੀ ਸਾਲ ਘੱਟੋ ਘੱਟ 190 ਦਿਨਾਂ ਲਈ ਸਕੂਲ ਵਿੱਚ ਹਾਜ਼ਰ ਹੋਣਾ ਚਾਹੀਦਾ ਹੈ।

**ਉਦੇਸ਼**

ਹਾਜ਼ਰੀ ਨੀਤੀ ਦਾ ਉਦੇਸ਼ ਵਧੇਰੇ ਹਾਜ਼ਰੀ ਅਤੇ ਸਮੇਂ ਦੇ ਪਾਬੰਦ ਹੋਣ ਦੇ ਪੈਟਰਨਾਂ ਨੂੰ ਉਤਸ਼ਾਹਿਤ ਕਰਨਾ ਹੈ ਜਿਹੜੇ ਕੰਮ ਦੇ ਸੰਸਾਰ ਵਿੱਚ ਜਾਰੀ ਰਹਿਣਗੇ। ਘੱਟ ਹਾਜ਼ਰੀ ਬੱਚੇ ਦੀ ਕਾਰਗੁਜਾਰੀ ਨੂੰ ਗੰਭੀਰ ਰੂਪ ਵਿੱਚ ਪ੍ਰਭਾਵਿਤ ਕਰ ਸਕਦੀ ਹੈ।

ਸਕੂਲਾਂ ਦਾ ਉਦੇਸ਼ ਗੈਰਹਾਜ਼ਰੀ ਦੇ ਕਾਰਣਾਂ ਦੀ ਪੜਚੋਲ ਕਰਨ ਅਤੇ ਪਛਾਣਨ ਦੁਆਰਾ ਬੱਚਿਆਂ ਦੀ ਕੁੱਲ ਹਾਜ਼ਰੀ ਵਿੱਚ ਸੁਧਾਰ ਕਰਨਾ ਹੈ ਅਤੇ ਵਧੇਰੇ ਹਾਜ਼ਰੀ ਨੂੰ ਉਤਸ਼ਾਹਿਤ ਕਰਨ ਲਈ ਪੂਰੇ-ਸਕੂਲ ਦੀਆਂ ਰਣਨੀਤੀਆਂ ਨੂੰ ਯੋਜਨਾਬੱਧ ਕਰਨਾ ਅਤੇ ਲਾਗੂ ਕਰਨਾ ਹੈ।

## ਬਾਲ ਸੁਰੱਖਿਆ ਨੀਤੀ

**ਪ੍ਰੀਭਾਸ਼ਾ**

ਬਾਲ ਸੁਰੱਖਿਆ ਬੱਚਿਆਂ ਅਤੇ ਨੌਜਵਾਨ ਲੋਕਾਂ ਨੂੰ ਦੁਰਵਿਹਾਰ ਜਿਵੇਂ ਕਿ ਗਲਤ ਵਤੀਰਾ ਜਾਂ ਅਨਾਦਰ ਤੋਂ ਬਚਾਉਣ ਬਾਰੇ ਹੈ, ਜਿਹੜਾ ਸਰੀਰਕ, ਯੌਨ ਜਾਂ ਭਾਵੁਨਾਤਮਿਕ ਚੋਟ ਜਾਂ ਜੋਖਮ ਦੀ ਅਗਵਾਈ ਕਰਦੇ ਹੋਣ।

**ਉਦੇਸ਼**

ਬਾਲ ਸੁਰੱਖਿਆ ਨੀਤੀ ਦਾ ਉਦੇਸ਼ ਲੋੜੀਂਦੀ ਕਾਰਵਾਈ ਕਰਨ 'ਤੇ ਸਕੂਲਾਂ ਨੂੰ ਸੇਧ ਦੇਣਾ ਹੈ ਜਿੱਥੇ ਵਿਦਿਆਰਥੀ ਦੁਆਰਾ ਦੁਰਵਿਹਾਰ ਜਾਂ ਅਨਾਦਰ ਕੀਤੇ ਜਾਣ ਦਾ ਸੰਦੇਹ ਹੋਵੇ। ਵਿਦਿਆਰਥੀ ਦੀ ਭਲਾਈ ਦਾ ਹਰ ਸਮੇਂ 'ਤੇ ਵਿਸ਼ੇਸ਼ ਮਹੱਤਵ ਹੈ।

## ਵਿਵਹਾਰਿਕ ਪ੍ਰਬੰਧਨ ਨੀਤੀ

**ਪ੍ਰੀਭਾਸ਼ਾ**

ਵਿਵਹਾਰਿਕ ਪ੍ਰਬੰਧਨ ਵਿਦਿਆਰਥੀਆਂ ਵਿੱਚ ਸਵੈ-ਅਨੁਸ਼ਾਸ਼ਨ ਦੀ ਇੱਕ ਭਾਵਨਾ ਨੂੰ ਵਿਕਸਿਤ ਕਰਨ ਅਤੇ ਉਨ੍ਹਾਂ ਦੇ ਆਪਣੇ ਵਿਵਹਾਰ ਅਤੇ ਗਤੀਵਿਧੀਆਂ ਲਈ ਜਿੰਮੇਵਾਰੀ ਦੀ ਇੱਕ ਸਵੀਕ੍ਰਿਤੀ ਬਾਰੇ ਹੁੰਦਾ ਹੈ। ਇਹ ਪ੍ਰਭਾਵਸ਼ਾਲੀ ਸਿੱਖਿਆ ਦੇਣ ਅਤੇ ਸਿੱਖਣ ਲਈ ਲਾਜ਼ਮੀ ਹੈ। ਸਕਾਰਾਤਮਿਕ ਵਤੀਰੇ ਅਤੇ ਰਵੱਈਏ ਨੂੰ ਉਤਸ਼ਾਹਿਤ ਕਰਨਾ ਅਤੇ ਪ੍ਰਸ਼ੰਸ਼ਾ ਕਰਨਾ ਮਹੱਤਵਪੂਰਣ ਹੁੰਦਾ ਹੈ। ਵਿਵਹਾਰਿਕ ਪ੍ਰਬੰਧਨ ਕਰਨਾ ਸਕੂਲ ਦੇ ਸਮੁਦਾਇ, ਸਟਾਫ਼, ਵਿਦਿਆਰਥੀਆਂ ਅਤੇ ਮਾਪਿਆਂ ਸਾਰਿਆਂ ਦੀ ਜਿੰਮੇਵਾਰੀ ਹੈ।

**ਉਦੇਸ਼**

ਵਿਵਹਾਰਿਕ ਪ੍ਰਬੰਧਨ ਨੀਤੀ ਦਾ ਉਦੇਸ਼ ਸਵੈ-ਅਨੁਸ਼ਾਸ਼ਨ, ਸਵੈ-ਜਾਗਰੂਕਤਾ, ਆਜਾਦੀ ਅਤੇ ਜਿੰਮੇਵਾਰੀ ਦੀ ਭਾਵਨਾ ਨੂੰ ਤਿਆਰ ਕਰਨਾ ਹੈ। ਇਹ ਸਕੂਲ ਸਮੁਦਾਇ ਦੇ ਸਾਰੇ ਮੈਂਬਰਾਂ ਵਿਚਕਾਰ ਸਕਾਰਾਤਮਿਕ ਸੰਬੰਧਾਂ ਨੂੰ ਉਤਸਾਹਿਤ ਕਰਦੀ ਹੈ ਤਾਂ ਕੀ ਪ੍ਰਭਾਵਸ਼ਾਲੀ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ।

## ਦਵਾਈਆਂ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੀ ਨੀਤੀ

**ਪ੍ਰੀਭਾਸ਼ਾ**

ਦਵਾਈਆਂ ਅਤੇ ਨਸ਼ੀਲੇ ਪਦਾਰਥਾਂ ਬਾਰੇ ਸਿੱਖਿਆ ਵਿਦਿਆਰਥੀਆਂ ਵਿਚਕਾਰ ਭਾਵੁਨਾਤਮਿਕ, ਸਰੀਰਕ ਅਤੇ ਸਮਾਜਿਕ ਭਲਾਈ 'ਤੇ ਦਵਾਈਆਂ ਅਤੇ ਦੂਜੇ ਨਸ਼ੀਲੇ ਪਦਾਰਥਾਂ ਦੇ ਪ੍ਰਭਾਵ ਬਾਰੇ ਜਾਗਰੂਕਤਾ ਪੈਦਾ ਕਰਨ ਬਾਰੇ ਹੈ।

**ਉਦੇਸ਼**

ਦਵਾਈਆਂ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਨੀਤੀ ਦਾ ਉਦੇਸ਼ ਨਸ਼ਿਆਂ ਅਤੇ ਦੂਜੇ ਹਾਨੀਕਾਰਕ ਪਦਾਰਥਾਂ ਅਤੇ ਇਨ੍ਹਾਂ ਦੀ ਦੁਰਵਰਤੋਂ ਨਾਲ ਸੰਬੰਧਿਤ ਸਿਹਤ ਜੋਖਮਾਂ ਬਾਰੇ ਬੱਚਿਆਂ ਵਿੱਚ ਸਹੀ ਜਾਣਕਾਰੀ ਪ੍ਰਦਾਨ ਕਰਨਾ ਹੈ। ਇਸ

ਦਾ ਉਦੇਸ਼ ਵਿਦਿਆਰਥੀਆਂ ਵਿੱਚ ਸਮਾਜ਼ ਅੰਦਰ ਨਸ਼ਿਆਂ ਦੇ ਸਭਿਆਚਾਰ ਨੂੰ ਰੱਦ ਕਰਨ ਦੀ ਯੋਗਤਾ ਵਿਕਸਿਤ ਕਰਨਾ ਅਤੇ ਸਹਾਇਤਾ ਅਤੇ ਸਮਰਥਨ ਕਿੱਥੋਂ ਪ੍ਰਾਪਤ ਕਰਨਾ ਹੈ ਇਸ ਬਾਰੇ ਉਨ੍ਹਾਂ ਨੂੰ ਸੂਚਿਤ ਕਰਨਾ ਹੈ।

## ਸਿਹਤ ਸਿੱਖਿਆ ਨੀਤੀ

**ਪ੍ਰੀਭਾਸ਼ਾ**

ਸਿਹਤ ਸਿੱਖਿਆ ਦਾ ਉਦੇਸ਼ ਸਕੂਲ ਤੋਂ ਬਾਹਰਲੇ ਜੀਵਨ ਲਈ ਵਿਦਿਆਰਥੀਆਂ ਨੂੰ ਇੱਕ ਸਿਹਤਮੰਦ ਜੀਵਨਸ਼ੈਲੀ ਵਿੱਚ ਉਨ੍ਹਾਂ ਦੀ ਸਮਝ ਅਤੇ ਕਦਰ ਵਿੱਚ ਸੁਧਾਰ ਕਰਨ ਦੁਆਰਾ ਤਿਆਰ ਕਰਨਾ ਹੈ। ਸਿਹਤ ਸਿੱਖਿਆ ਉਮਰ ਅਨੁਸਾਰ ਢੁਕਵੇਂ ਬਹੁਤ ਸਾਰੇ ਵਿਸ਼ਿਆਂ ਨੂੰ ਕਵਰ ਕਰਦੀ ਹੈ ਅਤੇ ਇਸ ਵਿੱਚ ਨਸ਼ਿਆਂ ਪ੍ਰਤੀ ਜਾਗਰੂਕਤਾ (ਉਦਾਹਰਣ ਵਜੋਂ ਸ਼ਰਾਬ ਅਤੇ ਤੰਬਾਕੂ), ਖਾਣ-ਪੀਣ ਦੇ ਵਿਕਾਰ ਅਤੇ ਯੌਨ ਵਿਵਹਾਰ ਵੀ ਸ਼ਾਮਲ ਹੋ ਸਕਦੇ ਹਨ।

**ਉਦੇਸ਼**

ਸਿਹਤ ਸਿੱਖਿਆ ਨੀਤੀ ਦਾ ਉਦੇਸ਼ ਵਿਦਿਆਰਥੀਆਂ ਅੰਦਰ ਉਨ੍ਹਾਂ ਨੂੰ ਸੂਚਿਤ ਵਿਕਲਪ ਤਿਆਰ ਕਰਨ ਲਈ ਅਤੇ ਆਪਣੀ ਸਿਹਤ ਅਤੇ ਦੂਜਿਆਂ ਦੀ ਸਿਹਤ ਦੀ ਜ਼ਿੰਮੇਵਾਰੀ ਲੈਣ ਲਈ ਉਤਸਾਹਿਤ ਕਰਨ ਦੁਆਰਾ ਸਵੈ-ਸੰਮਾਨ ਨੂੰ ਵਧਾਉਣਾ ਹੈ।

## ਆਈ.ਸੀ.ਟੀ ਸੁਰੱਖਿਆ ਨੀਤੀ

**ਪ੍ਰੀਭਾਸ਼ਾ**

ਆਈ.ਸੀ.ਟੀ ਕੰਪਿਊਟਰਾਂ, ਲੈਪਟਾਪਾਂ, ਆਈਪੈਡ, ਕੈਮਰਿਆਂ, ਡੀ.ਵੀ.ਡੀ ਪਲੇਅਰਾਂ ਅਤੇ ਮੋਬਾਇਲ ਫੋਨਾਂ ਨੂੰ ਸ਼ਾਮਲ ਕਰ ਸਕਦੀ ਹੈ।

ਸਕੂਲ ਵਿੱਚ ਆਮ ਵਰਤੇ ਜਾਣ ਵਾਲੀਆਂ ਸੁਵਿਧਾਵਾਂ ਵਿੱਚ ਹਨ ਵਰਲਡ ਵਾਈਡ ਵੈਬ, ਈਮੇਲਜ਼, ਮਲਟੀਮੀਡੀਆ, ਮੈਸੇਜਿੰਗ ਅਤੇ ਵੌਇਸ ਕਾਲਾਂ/ਵੀਡੀਓ ਕਾਲਾਂ।

**ਉਦੇਸ਼**

ਸੂਚਨਾ ਅਤੇ ਕਮਿਊਨੀਕੇਸ਼ਨ ਟੈਕਨੋਲਜੀ (ICT) ਸੁਰੱਖਿਆ ਨੀਤੀ ਦਾ ਉਦੇਸ਼ ਇਹ ਸੁਨਿਸ਼ਚਿਤ ਕਰਨਾ ਹੈ ਕਿ ਅਜਿਹੇ ਮਟੀਰੀਅਲ ਦੀ ਵਰਤੋਂ ਤੋਂ ਪਰਹੇਜ਼ ਕਰਨ ਲਈ ਜਿਹੜਾ ਅਣਉਚਿੱਤ ਜਾਂ ਹਾਨੀਕਾਰਕ ਹੋ ਸਕਦਾ ਹੈ ਆਈ.ਸੀ.ਟੀ ਦੀ ਵਰਤੋਂ ਇੱਕ ਸੁਰੱਖਿਅਤ, ਜ਼ਿੰਮੇਵਾਰ, ਨੈਤਿਕ, ਕਾਨੂੰਨੀ ਅਤੇ ਸੂਝਵਾਨ ਤਰੀਕੇ ਨਾਲ ਕੀਤੀ ਜਾਏ।

## ਸੰਬੰਧ ਅਤੇ ਲੈਂਗਿਕ ਸਿੱਖਿਆ ਨੀਤੀ

**ਪ੍ਰੀਭਾਸ਼ਾ**

ਸੰਬੰਧ ਅਤੇ ਲੈਂਗਿਕ ਸਿੱਖਿਆ (RSE) ਦਾ ਉਦੇਸ਼ ਜੀਵਨ ਵਿੱਚ ਨਿੱਜੀ ਅਤੇ ਸਮਾਜਿਕ ਸੰਬੰਧਾਂ ਬਾਰੇ ਰਵੱਈਏ, ਵਿਸ਼ਵਾਸ਼ ਅਤੇ ਕੀਮਤਾਂ ਨੂੰ ਵਿਕਸਿਤ ਕਰਨਾ ਹੈ। ਇਹ ਸਕੂਲ ਅਤੇ ਸਮੁਦਾਇ ਦੇ ਨੈਤਿਕ ਅਤੇ ਸਮਾਜਿਕ ਵਾਤਾਵਰਣ ਅੰਦਰ ਹੋਣੇ ਚਾਹੀਦੇ ਹਨ।

**ਉਦੇਸ਼**

ਸੰਬੰਧ ਅਤੇ ਲੈਂਗਿਕ ਸਿੱਖਿਆ ਦਾ ਉਦੇਸ਼ ਸਾਰੇ ਬੱਚਿਆਂ ਅਤੇ ਨੌਜਵਾਨ ਲੋਕਾਂ ਦੇ ਕੁੱਲ ਨਿੱਜੀ, ਸਮਾਜਿਕ ਅਤੇ ਨੈਤਿਕ ਵਿਕਾਸ ਨੂੰ ਵਧਾਉਣਾ ਹੈ। ਇਹ ਸੰਬੰਧ ਬਾਰੇ ਆਤਮ-ਸਨਮਾਨ, ਸੂਚਿਤ ਵਿਕਲਪ ਤਿਆਰ ਕਰਨ ਲਈ ਨੈਤਿਕ ਜ਼ਿੰਮੇਵਾਰੀ ਅਤੇ ਹੁਨਰਾਂ ਦੀ ਇੱਕ ਭਾਵਨਾ ਨੂੰ ਵਿਕਸਿਤ ਕਰਨ ਬਾਰੇ ਹੈ। ਆਰ.ਐਸ.ਈ ਦਾ ਵਿਤਰਣ ਪ੍ਰਸਪਰ ਵਿਸ਼ਵਾਸ਼, ਸਨਮਾਨ ਅਤੇ ਗੋਪਨੀਯਤਾ ਦੇ ਇੱਕ ਵਾਤਾਵਰਣ ਵਿੱਚ ਹੋਣਾ ਚਾਹੀਦਾ ਹੈ।

## ਦਵਾਈਆਂ ਦੀ ਸੁਰੱਖਿਅਤ ਹੈਂਡਲਿੰਗ ਨੀਤੀ

**ਪ੍ਰੀਭਾਸ਼ਾ**

ਦਵਾਈਆਂ ਦੀ ਸੁਰੱਖਿਅਤ ਹੈਂਡਲਿੰਗ ਇਹ ਸੁਨਿਸ਼ਚਿਤ ਕਰਨ ਬਾਰੇ ਹੈ ਕਿ ਵਿਦਿਆਰਥੀਆਂ ਲਈ ਦਵਾਈਆਂ ਨੂੰ ਮਾਪਿਆਂ ਦੀਆਂ ਹਿਦਾਇਤਾਂ ਦੇ ਅਨੁਸਾਰ ਸੁਰੱਖਿਅਤ ਤਰੀਕੇ ਨਾਲ ਸਟੋਰ ਕੀਤਾ ਜਾਏ ਅਤੇ ਪ੍ਰਬੰਧਿਤ ਕੀਤਾ ਜਾਏ।

**ਉਦੇਸ਼**

ਦਵਾਈਆਂ ਦੀ ਸੁਰੱਖਿਅਤ ਹੈਂਡਲਿੰਗ ਨੀਤੀ ਦਾ ਉਦੇਸ਼ ਇਹ ਸੁਨਿਸ਼ਚਿਤ ਕਰਨਾ ਹੈ ਕਿ ਸਕੂਲ ਵਿੱਚ ਵਿਦਿਆਰਥੀਆਂ ਲਈ ਦਵਾਈਆਂ ਦੀ ਹੈਂਡਲਿੰਗ ਨਾਲ ਸੰਬੰਧਿਤ ਪ੍ਰਕਿਰਿਆਵਾਂ ਬਾਰੇ ਸਾਰੇ ਸਟਾਫ਼ ਅਤੇ ਮਾਪਿਆਂ ਨੂੰ ਪਤਾ ਹੋਵੇ।

## ਵਿਸ਼ੇਸ਼ ਸਿੱਖਿਆ: ਅਭਿਆਸ ਸੰਹਿਤਾ ਦੇ ਪੜਾਅ

**ਪ੍ਰੀਭਾਸ਼ਾ ਅਤੇ ਉਦੇਸ਼**

ਅਭਿਆਸ ਸੰਹਿਤਾ ਉਸ ਇੱਕ ਵਿਦਿਆਰਥੀ ਨੂੰ ਪਛਾਣਨ ਅਤੇ ਮਦਦ ਕਰਨ ਵਿੱਚ ਵਰਤੇ ਜਾਣ ਵਾਲੀ ਇੱਕ ਪੰਜ-ਪੜਾਅ ਵਾਲੀ ਪਹੁੰਚ ਹੈ ਜਿਸ ਦੀਆਂ ਵਿਸ਼ੇਸ਼ ਲੋੜਾਂ ਹੋਣ। ਪੜਾਅ 1 ਅਤੇ 2 ਵਿਦਿਆਰਥੀ ਦੇ ਸਕੂਲ ਦੁਆਰਾ ਸੰਚਾਲਿਤ ਕੀਤੇ ਜਾਂਦੇ ਹਨ ਅਤੇ ਜੋ ਕੁੱਝ ਵਾਪਰ ਰਿਹਾ ਹੁੰਦਾ ਹੈ ਮਾਪਿਆਂ ਨੂੰ ਉਸ ਬਾਰੇ ਸੂਚਿਤ ਕਰਨਾ ਚਾਹੀਦਾ ਹੈ। ਪੜਾਅ 'ਤੇ ਸਕੂਲ ਬਾਹਰੋਂ ਮਦਦ ਲਈ ਅਨੁਰੋਧ ਕਰ ਸਕਦਾ ਹੈ, ਉਦਾਹਰਣ ਵਜੋਂ, ਇੱਕ ਸਿੱਖਿਅਕ ਮਨੋਚਿਕਿਤਸਕ ਤੋਂ। ਪੜਾਅ 4 'ਤੇ ਵਿਦਿਆਰਥੀ ਦੀਆਂ ਲੋੜਾਂ ਦੇ ਇੱਕ ਸੰਵਿਧਾਨਿਕ ਮੁਲਾਂਕਣ ਦੀ ਲੋੜ ਪੈ ਸਕਦੀ ਹੈ। ਪੜਾਅ 4 'ਤੇ ਸਿੱਖਿਆ ਅਥਾਰਿਟੀ ਦੇ ਵਿਸ਼ੇਸ਼ ਸਿੱਖਿਆ ਸੈਕਸ਼ਨ ਨੂੰ ਸ਼ਾਮਲ ਕੀਤਾ ਜਾਂਦਾ ਹੈ।

ਜੇਕਰ ਤੁਸੀਂ ਜਾਣਦੇ ਹੋਵੋ ਕਿ ਤੁਹਾਡੇ ਬੱਚੇ ਨੂੰ ਇੱਕ ਵਿਸ਼ੇਸ਼ ਸਿੱਖਿਅਕ ਲੋੜ ਜਰੂਰੀ ਹੈ ਤਾਂ ਤੁਹਾਨੂੰ ਸਕੂਲ ਨੂੰ ਦੱਸਣਾ ਚਾਹੀਦਾ ਹੈ ਤਾਂ ਕਿ ਸਹਾਇਤਾ ਅਤੇ ਸਮਰਥਨ ਪ੍ਰਦਾਨ ਕੀਤਾ ਜਾ ਸਕੇ।

## ਉਚਿੱਤ ਬੱਲ ਦੀ ਵਰਤੋਂ/ਸੁਰੱਖਿਅਤ ਹੈਂਡਲਿੰਗ ਨੀਤੀ

**ਪ੍ਰੀਭਾਸ਼ਾ**

ਉਚਿੱਤ ਬੱਲ ਅਤੇ ਸੁਰੱਖਿਅਤ ਹੈਂਡਲਿੰਗ ਸਾਰੇ ਸਕੂਲ ਸਮੁਦਾਇ (ਵਿਦਿਆਰਥੀ ਅਤੇ ਸਟਾਫ਼) ਲਈ ਇੱਕ ਸੁਰੱਖਿਅਤ ਅਤੇ ਸੁਦ੍ਰਿੜ ਮਾਹੌਲ ਪ੍ਰਦਾਨ ਕਰਨ ਅਤੇ ਉਚਿੱਤ ਵਿਵਹਾਰ ਨੂੰ ਉਤਸ਼ਾਹਿਤ ਕਰਨ ਅਤੇ ਇਸ ਨੂੰ ਕਾਇਮ ਰੱਖਣ ਬਾਰੇ ਹੈ।

"ਉਚਿੱਤ ਬੱਲ" ਉਹ ਘੱਟੋ ਘੱਟ ਬੱਲ ਹੈ ਜਿਸ ਦੀ ਵਿਦਿਆਰਥੀ ਨੂੰ ਆਪਣੇ ਆਪ ਨੂੰ ਸਰੀਰਕ ਜਾਂ ਕੋਈ ਹੋਰ ਨੁਕਸਾਨ ਪੁਜਾਉਣ ਜਾਂ ਸੰਪਤੀ ਨੂੰ ਗੰਭੀਰ ਨੁਕਸਾਨ ਪੁਜਾਉਣ ਤੋਂ ਰੋਕਣ ਲਈ ਲੋੜ ਹੁੰਦੀ ਹੈ। ਪ੍ਰਸਥਿਤੀ ਨੂੰ ਹੱਲ ਕਰਨ ਅਤੇ ਵਿਦਿਆਰਥੀ ਨੂੰ ਸ਼ਾਂਤ ਕਰਨ ਲਈ, ਸਾਰੇ ਸੰਬੰਧਿਤ ਵਿਅਕਤੀਆਂ ਦੇ ਸਨਮਾਨ ਨੂੰ ਬਰਕਰਾਰ ਰੱਖਣ ਲਈ ਵਰਤਿਆ ਜਾਣ ਵਾਲਾ ਬੱਲ ਹੋਣਾ ਚਾਹੀਦਾ ਹੈ।

**ਉਦੇਸ਼**

ਉਚਿੱਤ ਬੱਲ ਅਤੇ ਸੁਰੱਖਿਅਤ ਹੈਂਡਲਿੰਗ ਪਾਲਿਸੀ ਦਾ ਉਦੇਸ਼ ਇੱਕ ਸਿੱਖਿਆ ਵਾਲੇ ਮਾਹੌਲ ਦੀ ਸਿਰਜਣਾ ਕਰਨਾ ਹੁੰਦਾ ਹੈ ਜਿਸ ਵਿੱਚ ਨੌਜਵਾਨ ਲੋਕ ਅਤੇ ਬਾਲਗ ਸੁਰੱਖਿਅਤ ਮਹਿਸੂਸ ਕਰਦੇ ਹੋਣ ਅਤੇ ਨੁਕਸਾਨ ਤੋਂ ਸੁਰੱਖਿਅਤ ਰਹਿਣ। ਇਸ ਦਾ ਉਦੇਸ਼ ਇਹ ਸੁਨਿਸ਼ਚਿਤ ਕਰਨਾ ਹੈ ਕਿ ਵਿਦਿਆਰਥੀਆਂ ਨੂੰ ਕਿਸੇ ਵੀ ਕਿਸਮ ਦੀ ਦਖ਼ਲਅੰਦਾਜੀ ਤੋਂ ਸੁਰੱਖਿਅਤ ਕੀਤਾ ਜਾਏ ਜਿਹੜੀ ਬੇਲੋੜੀ, ਅਣਉਚਿੱਤ, ਬਹੁਤ ਜਿਆਦਾ ਜਾਂ ਹਾਨੀਕਾਰਕ ਹੋਵੇ। ਇਸ ਨੂੰ ਪ੍ਰਸਥਿਤੀਆਂ ਬਾਰੇ ਸਟਾਫ਼ ਨੂੰ ਸੂਚਿਤ ਕਰਨਾ ਚਾਹੀਦਾ ਹੈ ਜਿਸ ਵਿੱਚ ਉਹ ਵਿਦਿਆਰਥੀਆਂ ਨੂੰ ਬਚਾਉਣ ਲਈ ਉਚਿੱਤ ਬੱਲ ਦੀ ਵਰਤੋਂ ਕਿਵੇਂ ਕਰ ਸਕਦੇ ਹਨ ਅਤੇ ਇਹ ਬੱਲ ਕਿਵੇਂ ਲਗਾਇਆ ਜਾਣਾ ਚਾਹੀਦਾ ਹੈ।

ਮਾਪਿਆਂ ਲਈ ਦੂਜੇ ਦਸਤਾਵੇਜ਼ ਸਿੱਖਿਆ ਵਿਭਾਗ ਦੀ ਵੈਬਸਾਇਟ 'ਤੇ ਉਪਲਬਧ ਹਨ

ਸਿੱਖਿਆ ਕਿਤਾਬ ਵਿੱਚ ਬਾਲ ਸੁਰੱਖਿਆ
https://www.education-ni.gov.uk/publications/child-protection-education

ਸਕੂਲ ਕਿਤਾਬ ਵਿੱਚ ਚੰਗਾ ਵਿਵਹਾਰ
https://www.education-ni.gov.uk/publications/good-behaviour-school-leaflet-parents